

# ਤੁਹਾਡੇ ਬੱਚੇ ਦੀ ਪੜ੍ਹਾਈ

## ਓਨਟਾਰੀਓ ਦੇ ਸਕੂਲ ਸਿਸਟਮ ਬਾਰੇ ਮਾਪਿਆਂ ਲਈ ਗਾਈਡ

ਤੁਹਾਡੇ ਬੱਚੇ ਦੀ ਪੜ੍ਹਾਈ ਵਿੱਚ ਤੁਹਾਡੀ ਰਾਇ ਦੀ ਮਹੱਤਤਾ ਹੈ ਅਤੇ ਇਹ ਉਹਨਾਂ ਦੀ ਅਕਾਦਮਿਕ ਅਤੇ ਨਿੱਜੀ ਸਫਲਤਾ ਵਿੱਚ ਬਹੁਤ ਜ਼ਿਆਦਾ ਫਰਕ ਪਾ ਸਕਦੀ ਹੈ। ਜਦੋਂ ਮਾਪੇ ਆਪਣੇ ਬੱਚੇ ਦੀ ਪੜ੍ਹਾਈ ਵਿੱਚ ਸਰਗਰਮ ਰੋਲ ਨਿਭਾਉਂਦੇ ਹਨ, ਤਾਂ ਵਿਦਿਆਰਥੀਆਂ ਨੂੰ ਆਪਣੀਆਂ ਪੂਰੀਆਂ ਸੰਭਾਵਨਾਵਾਂ ਨੂੰ ਹਾਸਲ ਕਰਨ ਲਈ ਪ੍ਰੇਰਨਾ ਮਿਲਦੀ ਹੈ।

ਓਨਟਾਰੀਓ ਮਾਪਿਆਂ ਅਤੇ ਪਰਿਵਾਰਾਂ ਲਈ ਜਵਾਬਦੇਹੀ ਅਤੇ ਪਾਰਦਰਸ਼ਤਾ ਨੂੰ ਵਧਾਉਣ ਲਈ ਵਚਨਬੱਧ ਹੈ। **ਇਹਨਾਂ ਕੁੱਝ ਢੰਗਾਂ ਰਾਹੀਂ ਤੁਸੀਂ ਆਪਣੇ ਬੱਚੇ ਦੀ ਪੜ੍ਹਾਈ ਦੇ ਸਫਰ ਵਿੱਚ ਸਰਗਰਮੀ ਨਾਲ ਹਿੱਸਾ ਲੈ ਸਕਦੇ ਹੋ:**

- ਫੈਸਲਾ ਕਰੋ ਕਿ ਉਹਨਾਂ ਨੇ ਸਰਕਾਰ ਵਲੋਂ ਫੰਡ ਕੀਤੇ ਗਏ ਕਿਸ ਤਰ੍ਹਾਂ ਦੇ ਸਕੂਲ ਵਿੱਚ ਜਾਣਾ ਹੈ
- ਸਿੱਖਣ ਦੀਆਂ ਚੋਣਾਂ ਦੀ ਚੋਣ ਕਰੋ, ਜਿਵੇਂ ਕਿ ਸੈਕੰਡਰੀ ਸਕੂਲ ਦੇ ਪ੍ਰੋਗਰਾਮਾਂ ਵਿੱਚੋਂ ਸਪੈਸ਼ਲਿਸਟ ਹਾਈ ਸਕਿਲਜ਼ ਮੇਜਰ
- ਤੁਹਾਡਾ ਬੱਚਾ ਸਕੂਲ ਵਿੱਚ ਕੀ ਸਿੱਖ ਰਿਹਾ ਹੈ, ਇਸ ਬਾਰੇ ਜਾਣਕਾਰੀ ਲਵੋ
- ਸਕੂਲ ਦੇ ਸਾਲ ਵਿੱਚ ਮੁੱਖ ਤਰੀਕਾਂ ਬਾਰੇ ਜਾਣਕਾਰੀ ਲਵੋ
- ਕੁੱਝ ਖਾਸ ਤਰ੍ਹਾਂ ਦੀ ਪੜ੍ਹਾਈ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕਰੋ
- ਇਹ ਪਤਾ ਲਾਉ ਕਿ ਤੁਹਾਡਾ ਬੱਚਾ ਸਕੂਲ ਵਿੱਚ ਕਿਸ ਤਰ੍ਹਾਂ ਚੱਲ ਰਿਹਾ ਹੈ
- ਸਸਪੈਨਸ਼ਨ ਅਤੇ ਸਕੂਲ ਵਿੱਚੋਂ ਕੱਢਣ ਦੇ ਅਮਲ ਬਾਰੇ ਜਾਣੋ
- ਸਕੂਲ ਦੀ ਕਾਊਂਸਲ ਦੀ ਕਿਸੇ ਮੀਟਿੰਗ ਜਾਂ ਮਾਪਿਆਂ ਦੀ ਸ਼ਮੂਲੀਅਤ ਵਾਲੀ ਕਿਸੇ ਮੀਟਿੰਗ ਵਿੱਚ ਸ਼ਾਮਲ ਹੋਵੋ
- ਸਾਰੇ ਬੱਚਿਆਂ ਦੀ ਕਾਮਯਾਬ ਹੋਣ ਵਿੱਚ ਮਦਦ ਕਰਨ ਵਾਲੇ ਖਾਸ ਸਮਰਥਨਾਂ ਬਾਰੇ ਜਾਣੋ

ਹੋਰ ਜਾਣਕਾਰੀ ਲਈ **ontario.ca/EducationGuide** 'ਤੇ ਜਾਉ ਤਾਂ ਕਿ ਤੁਸੀਂ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਜਾਣਕਾਰੀ ਭਰਪੂਰ ਫੈਸਲੇ ਕਰ ਸਕੋ।